ਆਨਲਾਈਨ ਬੁਲੇਟਿਨ

# ਜਨਵਰੀ ਟ੍ਰੈਫਿਕ ਸੁਰੱਖਿਆ ਨੁਕਤੇ: ਇੰਟਰਸੈਕਸ਼ਨ ਸੁਰੱਖਿਆ

8 ਜਨਵਰੀ 2024 ਮੀਡੀਆ ਇੰਨਕੁਆਰੀਆਂ

## ਐਲਬਰਟਾ ਸਰਕਾਰ ਡਰਾਈਵਰਾਂ ਨੂੰ ਹੌਲੀ ਚੱਲਣ ਅਤੇ ਇੰਟਰਸੈਕਸ਼ਨਾਂ ਵਿਚੋਂ ਦੀ ਧਿਆਨ ਨਾਲ ਗੁਜ਼ਰਨ ਦੀ ਯਾਦ ਦਿਵਾ ਰਹੀ ਹੈ।

ਅੰਕੜੇ ਵਿਖਾਉਂਦੇ ਹਨ ਕਿ ਇੰਟਰਸੈਕਸ਼ਨਾਂ ਨਾਲ ਸਬੰਧਤ ਦੁਰਘਟਨਾਵਾਂ ਜਨਵਰੀ 'ਚ, ਵੱਡੇ ਰੂਪ 'ਚ ਸਰਦ ਰੁੱਤ ਦੀਆਂ ਡਰਾਈਵਿੰਗ ਹਾਲਤਾਂ ਕਾਰਨ, ਵਧ ਜਾਂਦੀਆਂ ਹਨ। ਐਲਬਰਟਾ ਦੀਆਂ ਸੜਕਾਂ ਉੱਪਰ ਹੁੰਦੀਆਂ ਚਾਰ ਦੁਰਘਟਨਾਵਾਂ 'ਚੋਂ ਇਕ ਇੰਟਰਸੈਕਸ਼ਨਾਂ 'ਤੇ ਵਾਪਰਦੀ ਹੈ, ਜਿਸਦੇ ਨਤੀਜੇ ਵਜੋਂ ਹਰੇਕ ਸਾਲ ਹਜ਼ਾਰਾਂ ਡਾਲਰਾਂ 'ਚ ਨੁਕਸਾਨ ਹੁੰਦਾ, ਅਣਗਿਣਤ ਸੱਟਾਂ ਲੱਗਦੀਆਂ ਅਤੇ ਬੇਲੋੜੀਆਂ ਮੌਤਾਂ ਹੁੰਦੀਆਂ ਹਨ।

ਪੈਦਲ ਤੁਰਨ ਵਾਲੇ, ਸਾਈਕਲ ਸਵਾਰ ਅਤੇ ਮੋਟਰ ਚਾਲਕ ਇੰਟਰਸੈਕਸ਼ਨ 'ਤੇ ਵੱਖ ਵੱਖ ਸਪੀਡਾਂ ਨਾਲ ਇਕੱਠੇ ਹੁੰਦੇ ਹਨ, ਜਿਸ ਨਾਲ ਦੁਰਘਟਨਾਵਾਂ ਦਾ ਖਤਰਾ ਵਧਦਾ ਹੈ। ਟਾਲਣਯੋਗ ਦੁਰਘਟਨਾਵਾਂ ਵੱਡੇ ਪੂਰ 'ਚ ਡਰਾਈਵਰ ਦੀ ਗਲਤੀ, ਜਿਵੇਂ ਹਾਲਤਾਂ ਦੇ ਹਿਸਾਬ ਨਾਲ ਬਹੁਤ ਤੇਜ਼ ਚੱਲ ਰਹੇ, ਗਲਤ ਢੰਗ ਨਾਲ ਖੱਬੇ ਮੁੜ ਰਹੇ, ਕਿਸੇ ਸਟਾਪ ਸਾਈਨ 'ਤੇ ਰੁਕਣ ਤੋਂ ਅਸਮਰੱਥ ਰਹਿੰਦੇ ਜਾਂ ਕਿਸੇ ਟ੍ਰੈਫਿਕ ਸਿਗਨਲ ਦੀ ਉਲੰਘਣਾ ਕਰਦੇ ਹੋਣ ਕਰਕੇ ਵਾਪਰਦੀਆਂ ਹਨ। ਇਹ ਯਕੀਨੀ ਬਣਾਉਣਾ ਕਿ ਸਾਡੀਆਂ ਸੜਕਾਂ ਸਾਰਿਆਂ ਲਈ ਸੁਰੱਖਿਅਤ ਹਨ, ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ।

## ਇੰਟਰਸੈਕਸ਼ਨ ਸੁਰੱਖਿਆ ਨੁਕਤੇ

- ਜੇਕਰ ਤੁਸੀਂ ਆਪਣੇ ਤੋਂ ਅਗਲੇ ਵਾਹਨ ਦੇ ਪਹੀਏ ਨਹੀਂ ਵੇਖ ਸਕਦੇ, ਤਾਂ ਤੁਸੀਂ ਉਸਦੇ ਬਹੁਤ ਨੇੜੇ ਖੜੇ ਹੋ।
- ਜਦੋਂ ਕਿਸੇ ਇੰਟਰਸੈਕਸ਼ਨ ਜਾਂ ਕਰਾਸਵਾਕ 'ਤੇ ਪਹੁੰਚ ਰਹੇ ਹੋਵੋ, ਹਮੇਸ਼ਾਂ ਸੜਕ ਉਪਰਲੇ ਝੱਟਪਟ ਲਪੇਟ 'ਚ ਆ ਜਾਣ ਵਾਲੇ ਲੋਕਾਂ ਬਾਰੇ ਸਤਰਕ ਰਹੋ, ਜਿਵੇਂ ਪੈਦਲ ਤੁਰਨ ਵਾਲੇ ਅਤੇ ਸਾਈਕਲ ਸਵਾਰ।
- ਪੈਦਲ ਤੁਰਨ ਵਾਲਿਆਂ ਨੂੰ ਹਿਦਾਇਤਾਂ ਰਹਿਤ ਇੰਟਰਸੈਕਸ਼ਨ 'ਤੇ ਹਮੇਸ਼ਾਂ ਪਹਿਲਾਂ ਲੰਘਣ ਦਾ ਅਧਿਕਾਰ ਹੈ, ਬਸ਼ਰਤੇ ਕਿ ਕੋਈ ਸਾਈਨ ਲਗਾ ਕੇ ਹੋਰ ਤਰ੍ਹਾਂ ਦੱਸਿਆ ਗਿਆ ਹੋਵੇ।
- ਵੱਡੀ ਉਮਰ ਦੇ ਪੈਦਲ ਤੁਰਨ ਵਾਲਿਆਂ ਜਾਂ ਆਪੰਗਤਾਵਾਂ ਵਾਲਿਆਂ ਨੂੰ ਹੋ ਸਕਦਾ ਸੜਕ ਪਾਰ ਕਰਨ 'ਚ ਵਧੇਰੇ ਸਮੇਂ ਦੀ ਲੋੜ ਹੋਵੇ। ਕਿਰਪਾ ਕਰਕੇ ਧੀਰਜ ਰੱਖੋ ਅਤੇ ਉਨਾਂ ਚਿਰ ਉਡੀਕ ਕਰੋ ਜਿੰਨਾਂ ਚਿਰ ਉਹ ਸੜਕ ਪਾਰ ਨਹੀਂ ਕਰ ਲੈਂਦੇ।

## ਫੌਰੀ ਤੱਥ

- ਐਲਬਰਟਾ ‘ਚ ਬਹੁਤੀਆਂ ਦੁਰਘਟਨਾਵਾਂ (2021 ‘ਚ 90 ਪ੍ਰਤਿਸ਼ਤ) ਕੇਵਲ ਪ੍ਰਾਪਰਟੀ ਦੇ ਨੁਕਸਾਨ ਵਾਲੀਆਂ ਦੁਰਘਟਨਾਵਾਂ ਹਨ।
- ਇੰਟਰਸੈਕਸ਼ਨਾਂ ‘ਤੇ ਹੁੰਦੀਆਂ ਦੁਰਘਟਨਾਵਾਂ 'ਚੋਂ ਤਕਰੀਬਨ 96 ਪ੍ਰਤਿਸ਼ਤ ਸ਼ਹਿਰੀ ਖੇਤਰਾਂ ‘ਚ ਹੁੰਦੀਆਂ ਹਨ।
- ਔਸਤਨ, ਐਲਬਰਟਾ ‘ਚ ਹਰੇਕ ਸਾਲ ਇੰਟਰਸੈਕਸ਼ਨਾਂ ‘ਤੇ ਹੁੰਦੀਆਂ ਦੁਰਘਟਨਾਵਾਂ ‘ਚ 47 ਲੋਕ ਮਾਰੇ ਜਾਂਦੇ ਹਨ ਅਤੇ ਤਕਰੀਬਨ 7,000 ਲੋਕ ਜ਼ਖਮੀ ਹੁੰਦੇ ਹਨ।
- ਸਾਰੀਆਂ ਦੁਰਘਟਨਾਵਾਂ ‘ਚੋਂ ਤਕਰੀਬਨ 80 ਪ੍ਰਤਿਸ਼ਤ ‘ਚ ਡਰਾਈਵਰ ਦੀ ਗਲਤੀ ਹੁੰਦੀ ਹੈ।
- ਐਲਬਰਟਾ ‘ਚ ਕਿਸੇ ਸਟਾਪ ਸਾਈਨ ‘ਤੇ ਰੁਕਣ ਤੋਂ ਅਸਫਲ ਰਹਿਣ ਦਾ ਨਤੀਜਾ 405 ਡਾਲਰ ਦਾ ਜ਼ੁਰਮਾਨਾਂ ਅਤੇ ਤਿੰਨ ਦੋਸ਼ ਹੋ ਸਕਦਾ ਹੈ।
- ਕਿਸੇ ਇੰਟਰਸੈਕਸ਼ਨ ‘ਤੇ ਡਰਾਈਵਰਾਂ ਨੂੰ ਜ਼ੂਰਰੀ ਤੌਰ ‘ਤੇ ਇੰਟਰਸੈਕਸ਼ਨ ‘ਚੋਂ ਗੁਜ਼ਰਨ ਤੋਂ ਪਹਿਲਾਂ ਪੂਰੀ ਤਰ੍ਹਾਂ ਰੁਕਣਾ ਚਾਹੀਦਾ ਹੈ।

## ਸਬੰਧਤ ਜਾਣਕਾਰੀ

- ਐਲਬਰਟਾ ‘ਚ ਇੰਟਰਸੈਕਸ਼ਨ ਸਬੰਧੀ ਨਿਯਮ

## ਮਲਟੀਮੀਡੀਆ

- ਗੋਲ ਚੁਰਸਤਿਆਂ ਬਾਰੇ ਸਾਰਾ ਕੁਝ

## ਮੀਡੀਆ ਇੰਨਕੁਆਰੀਆਂ


### Jesse Furber

587-986-3244
ਪ੍ਰੈੱਸ ਸੈਕਰੇਟਰੀ, ਟਰਾਂਸਪੋਰਟੇਸ਼ਨ ਐਂਡ ਇਕਨਾਮਿਕ ਕੋਰੀਡੋਰਜ਼